**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ ਅਤੇ ਐ.ਸਿ)
ਸਮੂਹ ਸਕੂਲ ਮੁਖੀ, ਵੈੱਬਸਾਇਟ ਰਾਹੀਂ
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2010/39153
ਮਿਤੀ ਚੰਡੀਗੜ੍ਹ 28.05.2010

**ਵਿਸ਼ਾ:- ਸਕੂਲਾਂ ਵਿੱਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਰਸਾਉਂਦਾ ਇਕ ਬੋਰਡ ਲਗਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਦਫ਼ਤਰ ਨੂੰ ਇਹ ਸੁਝਾਅ ਪ੍ਰਾਪਤ ਹੋਇਆ ਹੈ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦਾ ਇਕ ਬੋਰਡ "**ਸਕੂਲ ਦੇ ਚਮਕਦੇ ਸਿਤਾਰੇ**" ਦੇ ਸਿਰਲੇਖ ਹੇਠ ਸਕੂਲਾਂ ਵਿੱਚ ਲਗਾਇਆ ਜਾਵੇਗਾ। ਜਿਸ ਉੱਤੇ ਸਕੂਲ ਵਿੱਚ ਪੜ੍ਹ ਰਹੇ ਅਤੇ ਪੜ੍ਹ ਚੁੱਕੇ ਪੁਰਾਣੇ ਵਿਦਿਆਰਥੀਆਂ ਦੀਆਂ ਖਾਸ ਪ੍ਰਾਪਤੀਆਂ ਦਾ ਵੇਰਵਾ ਦਿੱਤਾ ਗਿਆ ਹੋਵੇ।

3.0 ਬੋਰਡ ਨੂੰ ਸਕੂਲ ਦੀ ਦੀਵਾਰ ਤੇ ਅਜਿਹੀ ਥਾਂ ਲਗਾਇਆ ਜਾਵੇ ਜਿੱਥੇ ਬੱਚੇ ਆਉਂਦੇ ਜਾਂਦੇ ਸਿੱਧੇ ਸੌਖੇ ਤਰੀਕੇ ਨਾਲ ਪੜ੍ਹ ਸਕਣ। ਇਸ ਨੂੰ ਲਗਾਉਣ ਦਾ ਮੰਤਵ ਮੁੱਖ ਤੌਰ ਤੇ ਇਹ ਹੈ:-

(ੳ) ਵਿਦਿਆਰਥੀਆਂ ਨੂੰ ਪ੍ਰੇਰਨਾ ਮਿਲ ਸਕੇ ਕਿ ਅਸੀਂ ਵੀ ਮਿਹਨਤ ਕਰਕੇ ਆਪਣੇ ਨਾਂ ਇਸ ਬੋਰਡ 'ਤੇ ਲਿਖਵਾ ਸਕਦੇ ਹਾਂ।

(ਅ) ਬੋਰਡ 'ਤੇ ਅੰਕਿਤ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਨੂੰ ਆਪਣੇ ਸਕੂਲ ਨਾਲ ਨੇੜਿਓਂ ਜੁੜਨ ਦਾ ਉਤਸ਼ਾਹ ਮਿਲ ਸਕੇ।

(ੲ) ਅਧਿਆਪਕਾਂ ਨੂੰ ਵੀ ਪਹਿਲੀਆਂ ਪ੍ਰਾਪਤੀਆਂ ਨੂੰ ਦੁਹਰਾਉਣ ਦੀ ਪ੍ਰੇਰਣਾ ਮਿਲਦੀ ਰਹੇ ਅਤੇ ਉਹ ਵਧੇਰੇ ਮਿਹਨਤ ਨਾਲ ਅਧਿਆਪਨ ਅਤੇ ਵਿਦਿਆਰਥੀ ਦੇ ਸਰਵਪੱਖੀ ਵਿਕਾਸ ਵੱਲ ਧਿਆਨ ਦੇ ਸਕਣ।

(ਸ) ਸਰਕਾਰੀ ਸਕੂਲਾਂ ਵਿੱਚ ਸਥਾਨਕ ਲੋਕਾਂ ਦਾ ਵਿਸ਼ਵਾਸ਼ ਹੋਰ ਗੂੜ੍ਹਾ ਹੋ ਸਕੇ ਅਤੇ ਉਹ ਸਥਾਨਕ ਪੱਧਰ 'ਤੇ ਸਕੂਲ ਦੇ ਪ੍ਰਬੰਧਨ ਵਿੱਚ ਆਪਣਾ ਯੋਗਦਾਨ ਪਾਉਂਦੇ ਰਹਿਣ।

4.0 ਬੋਰਡ ਉੱਤੇ ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ ਵਿਲੱਖਣ ਪ੍ਰਾਪਤੀਆਂ ਲਿਖੀਆਂ ਜਾ ਸਕਦੀਆਂ ਹਨ ਜਿਵੇਂ ਜ਼ਿਲ੍ਹਾ, ਸਟੇਟ ਜਾਂ ਕੌਮੀ ਪੱਧਰ 'ਤੇ ਮੁਕਾਬਲੇ ਵਿੱਚ ਹਾਸਲ ਕੀਤੀ ਕੋਈ ਪੁਜੀਸ਼ਨ। ਇਸੇ ਤਰ੍ਹਾਂ ਸਕੂਲ ਦੇ ਵਿਦਿਆਰਥੀਆਂ ਦੁਆਰਾ ਸਟੇਟ ਪੱਧਰ 'ਤੇ ਪੀ.ਪੀ.ਐਸ.ਈ., ਐਮ.ਬੀ.ਬੀ.ਐਸ. ਅਤੇ ਇੰਜੀਨੀਅਰਿੰਗ ਆਦਿ ਵਿੱਚ ਕੀਤੀਆਂ ਪ੍ਰਾਪਤੀਆਂ ਦੇ ਨਾਲ ਨਾਲ ਰਾਜਨੀਤੀ, ਸੱਭਿਆਚਾਰ ਅਤੇ ਸਮਾਜ ਸੇਵਾ ਵਿੱਚ ਕਮਾਏ ਵਿਸ਼ੇਸ਼ ਨਾਮ ਦਾ ਜ਼ਿਕਰ ਕੀਤਾ ਜਾ

**ਚੱਲਦਾ ਪੰਨਾ ਨੰ. 2**

ਸਕਦਾ ਹੈ। ਕੌਮੀ ਪੱਧਰ ਦੀਆਂ ਪ੍ਰਾਪਤੀਆਂ ਵਿੱਚ ਯੂ.ਪੀ.ਐਸ.ਸੀ. ਦੇਸ਼ ਦੀਆਂ ਸੈਨਾਵਾਂ ’ਚ ਭਾਰਤੀ, ਆਈ.ਆਈ.ਟੀ., ਆਈ.ਆਈ.ਐਮ. ਵਿੱਚ ਚੋਣ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

5.0 ਬੋਰਡ ਦਾ ਖਾਕਾ ਨਮੂਨੇ ਦੇ ਤੌਰ ’ਤੇ ਹੇਠ ਲਿਖੇ ਅਨੁਸਾਰ ਹੋ ਸਕਦਾ ਹੈ:

**“ਸਕੂਲ ਦੇ ਚਮਕਦੇ ਸਿਤਾਰੇ”**

**ਸਕੂਲ ਦਾ ਨਾਂ:** **ਸਥਾਪਤੀ ਦੀ ਮਿਤੀ**

| ਲੜੀ ਨੰ. | ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ | ਵਿਦਿਅਕ ਯੋਗਤਾ | ਸਕੂਲ ਵਿੱਚ ਪੜ੍ਹਾਈ ਦਾ ਸਮਾਂ | ਪ੍ਰਾਪਤੀਆਂ (ਜ਼ਿਲ੍ਹਾ/ਸਟੇਟ/ਰਾਸ਼ਟਰੀ/ਅੰਤਰ-ਰਾਸ਼ਟਰੀ) | | | | ਇਸ ਸਮੇਂ ਕਿਸ ਪੋਸਟ ਅਤੇ ਕਿੱਥੇ ਕੰਮ ਕਰਦੇ ਹਨ ਜਾਂ ਕਿਸ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ | ਵਿਸ਼ੇਸ਼ ਕਥਨ |
|---|---|---|---|---|---|---|---|---|---|---|
| | | | | | ਅਕਾਦਮਿਕ | ਸੱਭਿਆਚਾਰਕ | ਖੇਡਾਂ | ਕੋਈ ਹੋਰ | | |
| | | | | | | | | | | |
| | | | | | | | | | | |

6.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 39154 ਮਿਤੀ 28.05.2010

ਉਤਾਰਾ: (1) ਸਮੂਹ ਮੰਡਲ ਸਿੱਖਿਆ ਅਫ਼ਸਰ।
(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
(3) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।
(4) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**